# ਭੂਮਿਕਾ

1947 ਵਿਚ ਪੰਜਾਬ ਦੀ ਫ਼ਿਰਕੂ ਆਧਾਰ ਉੱਤੇ ਹੋਈ ਵੰਡ ਇਕ ਬਹੁਤ ਵੱਡੀ ਇਤਿਹਾਸਕ ਦੁਖਾਂਤਕ ਘਟਨਾ ਸੀ। ਇਸ ਦੇਸ਼ ਵੰਡ ਨੇ ਪੰਜਾਬੀ ਕੌਮੀਅਤ, ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਨੂੰ ਸਥਾਈ ਤੌਰ ਤੇ ਦੁਫਾੜ ਕਰ ਦਿੱਤਾ । ਫ਼ਿਰਕੂ ਆਧਾਰ ਉੱਤੇ ਹੋਈ ਇਸ ਵੰਡ ਦੌਰਾਨ ਹੋਏ ਖ਼ੂਨ-ਖਰਾਬੇ ਦਾ ਪ੍ਰਭਾਵ ਪੰਜਾਬੀ ਸਾਹਿਤ ਉੱਤੇ ਅੱਧੀ ਸਦੀ ਬਾਅਦ ਵੀ ਦੇਖਿਆ ਜਾ ਸਕਦਾ ਹੈ। ਦੇਸ਼ ਵੰਡ ਦੌਰਾਨ ਹੋਏ ਫ਼ਿਰਕੂ ਫ਼ਸਾਦਾਂ ਬਾਰੇ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਲੇਖਕਾਂ ਨੇ ਮਾਨਵਵਾਦੀ ਦ੍ਰਿਸ਼ਟੀ ਤੋਂ ਸਾਹਿਤ ਰਚਨਾ ਕੀਤੀ ਹੈ। ਕੁਲ ਮਿਲਾ ਕੇ ਪੰਜਾਬੀਆਂ ਨੇ ਇਸ ਵੰਡ ਨੂੰ ਅਣਮਨੁੱਖੀ ਕਾਰਾ ਕਰਾਰ ਦਿੱਤਾ ਹੈ। 'ਦਰਜਨਾਂ ਪੰਜਾਬੀ ਲੇਖਕਾਂ ਨੇ ਇਸ ਘਟਨਾ ਦੇ ਅੱਖੀਂ ਦੇਖੇ ਹਿਰਦੇਵੇਦਕ ਵਰਨਣ ਪੇਸ਼ ਕੀਤੇ ਹਨ। ਪੰਜਾਬੀ ਸਾਹਿਤ ਵਿਚ ਵਾਰਤਕ ਅਤੇ ਕਵਿਤਾ ਦੋਹੇਂ ਖੇਤਰਾਂ ਵਿਚ ਢੇਰ ਰਚਨਾ ਹੋਈ ਹੈ। ਇਕ ਅੰਦਾਜ਼ੇ ਅਨੁਸਾਰ ਪੰਜਾਬੀ ਸਾਹਿਤ ਵਿਚ ਦੋ ਦਰਜਨ ਨਾਵਲ ਤੇ ਦੋ ਸੌ ਪਿਚਾਸੀ ਦੇ ਕਰੀਬ ਕਹਾਣੀਆਂ ਲਿਖੀਆਂ ਗਈਆਂ ਹਨ। ਫ਼ਿਰਕੂ ਵਹਿਸ਼ਤ ਅਤੇ ਖ਼ੂਨ ਦੀ ਹੋਲੀ ਨੇ ਲੇਖਕਾਂ ਦੀ ਸੰਵੇਦਨਾ ਨੂੰ ਵਲੂੰਦਰ ਕੇ ਰੱਖ ਦਿੱਤਾ। ਦੇਸ਼ ਵੰਡ ਦੀ ਇਸ ਘਟਨਾ ਨੂੰ ਅੱਜ ਵੀ ਪੰਜਾਬੀ ਜਨ-ਜੀਵਨ ਵਿਚ ਆਜ਼ਾਦੀ ਦੇ ਸਾਲ ਨਾਲੋਂ ਵੱਧ 'ਹੱਲਿਆਂ ਦਾ ਸਾਲ' ਜਾਂ 'ਵੱਢ-ਟੁੱਕ ਵਾਲਾ ਵਰ੍ਹਾ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਸ ਖ਼ੂਨ-ਖਰਾਬੇ ਦਾ ਪੰਜਾਬੀ ਸਭਿਆਚਾਰ ਦੇ ਚਿਰਸਥਾਈ ਜੀਵਨ ਮੁੱਲਾਂ ਉੱਤੇ ਵੀ ਏਨਾਂ ਡੂੰਘਾ ਪ੍ਰਭਾਵ ਪਿਆ ਕਿ ਸਦੀਆਂ ਪੁਰਾਣੀਆਂ ਸਾਂਝਾਂ ਵੰਡੀਆਂ ਗਈਆਂ। ਦਹਿਸ਼ਤ, ਸਹਿਮ ਡਰ ਅਤੇ ਆਤੰਕ ਦੇ ਇਹਨਾਂ ਸਰੋਕਾਰਾਂ ਨੂੰ ਪੰਜਾਬੀ ਕਹਾਣੀ ਆਪਣੇ ਸਿਰਜਣਾਤਮਕ ਅਮਲ ਹੇਠ ਲਿਆਉਂਦੀ ਹੈ। ਮੇਰਾ ਵਿਸ਼ਾ 'ਫ਼ਿਰਕੂ ਦੰਗਿਆਂ ਨਾਲ ਸੰਬੰਧਿਤ ਪੰਜਾਬੀ ਕਹਾਣੀ ਵਿਚ

ਮਾਨਵੀ ਸੰਵੇਦਨਾ' ਹੈ। ਮੈਂ ਇਸ ਦੁਖਾਂਤਕ ਘਟਨਾ ਦਾ ਮਾਨਵੀ ਜੀਵਨ ਅਤੇ ਮਾਨਵੀ ਸੰਵੇਦਨਾ ਉੱਤੇ ਪੈਣ ਵਾਲੇ ਪ੍ਰਭਾਵਾਂ ਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਹੈ। ਦੇਸ਼ ਵੰਡ ਨਾਲ ਸੰਬੰਧਿਤ ਰਚੀਆਂ ਪੰਜਾਬੀ ਕਹਾਣੀਆਂ ਵਿਚ ਇਹ ਤੱਥ ਬਹੁਤ ਉੱਭਰਵਾਂ ਹੈ ਕਿ ਇਹ ਕਹਾਣੀਆਂ ਕਹਾਣੀਕਾਰਾਂ ਦੇ ਆਪਣੇ ਹੱਡੀਂ ਹੰਢਾਏ ਅਨੁਭਵਾਂ ਵਿਚੋਂ ਸਿਰਜੀਆਂ ਗਈਆਂ ਹਨ। ਇਸ ਲਈ ਇਹ ਜੀਵਨ ਦੇ ਕੌੜੇ ਯਥਾਰਥ ਅਤੇ ਮਾਨਵਤਾ ਦੇ ਸਦੀਵੀ ਸੱਚ ਦੋਹਾਂ ਦੇ ਬਹੁਤ ਨੇੜੇ ਹਨ। ਹੁਣ ਤੱਕ ਵੀ ਪੰਜਾਬੀ ਕਹਾਣੀਕਾਰ ਇਹਨਾਂ ਅਨੁਭਵਾਂ, ਸਿਮਰਤੀਆਂ ਤੇ ਸੰਵੇਦਨਾਵਾਂ ਨੂੰ ਲੈ ਕੇ ਕਹਾਣੀਆਂ ਰਚਦੇ ਆ ਰਹੇ ਹਨ। 1984 ਦੇ ਦਿੱਲੀ ਦੰਗਿਆਂ ਨੇ ਇਸ ਘਟਨਾ ਨੂੰ ਇਕ ਵਾਰ ਫਿਰ ਲੋਕਾਂ ਦੀ ਯਾਦ ਵਿਚ ਤਾਜ਼ਾ ਕਰ ਦਿੱਤਾ ਅਤੇ ਬਹੁਤ ਸਾਰੀਆਂ ਕਹਾਣੀਆਂ ਮੁੜ 84 ਦੇ ਜੁੜਵੇਂ ਹਵਾਲੇ ਨਾਲ ਰਚੀਆਂ ਜਾਣ ਲੱਗੀਆਂ। ਸੋ ਮੈਂ ਆਪਣੇ ਇਸ ਸ਼ੋਧ ਪ੍ਰਬੰਧ ਵਿਚ 1947 ਤੋਂ ਲੈ ਕੇ ਇਸ ਸਦੀ ਦੇ ਅੰਤ ਤੱਕ ਰਚੀਆਂ ਗਈਆਂ ਕਹਾਣੀਆਂ ਨੂੰ ਅਧਿਐਨ ਦਾ ਖੇਤਰ ਬਣਾਇਆ ਹੈ। ਇਹ ਕਹਾਣੀਆਂ ਖਿਲਰੇ-ਪੁੱਲਰੇ ਰੂਪ ਵਿਚ ਮਿਲਦੀਆਂ ਹਨ ਭਾਵ ਇਹ ਵੱਖ-ਵੱਖ ਲੇਖਕਾਂ ਦੇ ਕਹਾਣੀ-ਸੰਗ੍ਰਿਹਾਂ, ਅਖ਼ਬਾਰਾਂ, ਰਸਾਲਿਆਂ ਵਿਚ ਤਾਂ ਮੌਜੂਦ ਹਨ ਪਰ ਇਹਨਾਂ ਨੂੰ ਨਿੱਠ ਕੇ ਯੋਜਨਾਬੱਧ ਰੂਪ ਵਿਚ ਸੰਕਲਿਤ ਨਹੀਂ ਕੀਤਾ ਗਿਆ। 'ਪੰਜਾਬੀ ਸੱਥ' ਵੱਲੋਂ ਦੋ ਸੰਪਾਦਿਤ ਪੁਸਤਕਾਂ 'ਅੰਬਰ ਕਾਲਾ ਇਤ ਵਿਧ ਹੋਇਆ' ਅਤੇ 'ਦਰਦ ਮੰਦਾਂ ਦੀਆਂ ਆਹੀਂ' ਕੁਝ ਇਸ ਪ੍ਰਕਾਰ ਦਾ ਯਤਨ ਕਹੇ ਜਾ ਸਕਦੇ ਹਨ। ਇਸ ਤੋਂ ਇਲਾਵਾ ਰਾਮ ਸਰੂਪ ਅਣਖੀ ਵੱਲੋਂ ਸੰਪਾਦਿਤ ਕਹਾਣੀ ਸੰਗ੍ਰਹਿ 'ਕਾਲਾ ਸੰਤਾਲੀ', ਸਤਿੰਦਰ ਸਿੰਘ ਨੂਰ ਵੱਲੋਂ ਸਮਦਰਸ਼ੀ ਦਾ ਵਿਸ਼ੇਸ਼ ਅੰਕ 'ਸੰਤਾਲੀਨਾਮਾ', ਜਸਵੰਤ ਸਿੰਘ ਵਿਰਦੀ ਦਾ ਕਹਾਣੀ ਸੰਗ੍ਰਹਿ 'ਵਾਘੇ ਦੇ ਆਰ-ਪਾਰ', ਇਸ ਤਰ੍ਹਾਂ ਦੇ ਹੋਰ ਮਹੱਤਵਪੂਰਨ ਯਤਨ ਹਨ। ਦੇਸ਼ ਵੰਡ ਨਾਲ ਸੰਬੰਧਿਤ ਇਹਨਾਂ ਪੁਸਤਕਾਂ ਵਿਚਲੀਆਂ ਕਹਾਣੀਆਂ ਤੋਂ ਇਲਾਵਾ ਇਕ ਸੌ ਅਠਾਰ੍ਹਾਂ ਕਹਾਣੀਆਂ ਜੋ ਅਸੀਂ

ਇਕੱਤਰ ਕੀਤੀਆਂ ਹਨ ਉਹਨਾਂ ਕਹਾਣੀਆਂ ਨੂੰ ਵੀ ਆਪਣੇ ਅਧਿਐਨ ਦਾ ਖੇਤਰ ਬਣਾਇਆ ਹੈ, ਉਹਨਾਂ ਕਹਾਣੀਆਂ ਦੀ ਸੂਚੀ ਪਿੱਛੇ ਅੰਤਿਕਾ ਵਿਚ ਦਿੱਤੀ ਗਈ ਹੈ।

ਇਸ ਖੋਜ ਕਾਰਜ ਦੌਰਾਨ ਮੇਰਾ ਇਹ ਯਤਨ ਰਿਹਾ ਹੈ ਕਿ ਇਸ ਦੁਖਾਂਤਕ ਇਤਿਹਾਸਕ ਘਟਨਾ ਨਾਲ ਜੁੜੀਆਂ ਹੋਈਆਂ ਰਚਨਾਵਾਂ, ਸਿਮਰਤੀਆਂ, ਅਨੁਭਵਾਂ ਨੂੰ ਇਕੱਤਰ ਕੀਤਾ ਜਾਵੇ ਅਤੇ ਇਹਨਾਂ ਕਹਾਣੀਆਂ ਉਪਰ ਆਪਣੇ ਵਿਸ਼ੇ ਅਨੁਸਾਰ ਆਲੋਚਨਾਤਮਕ ਕਾਰਜ ਕੀਤਾ ਜਾਵੇ।

ਅਧਿਐਨ ਦੀ ਸੁਵਿਧਾ ਲਈ ਇਸ ਸ਼ੋਧ-ਪ੍ਰਬੰਧ ਨੂੰ ਮੈਂ ਪੰਜ ਅਧਿਆਵਾਂ ਵਿਚ ਵੰਡਿਆ ਹੈ। ਇਸ ਸ਼ੋਧ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਉਹਨਾਂ ਕਾਰਨਾਂ ਤੇ ਸਿਧਾਂਤਕ ਤੇ ਇਤਿਹਾਸਕ ਤੱਥਾਂ ਅਨੁਸਾਰ ਵਿਚਾਰ ਕੀਤੀ ਗਈ ਹੈ ਜੋ ਇਸ ਵੰਡ ਲਈ ਜਿੰਮੇਵਾਰ ਸਾਬਿਤ ਹੋਏ। ਪਹਿਲਾ ਅਧਿਆਇ ਦੇਸ਼ ਦੀ ਵੰਡ ਦੀ ਇਤਿਹਾਸਕ ਪਿੱਠਭੂਮੀ ਨਾਲ ਸੰਬੰਧ ਰੱਖਦਾ ਹੈ। ਇਸ ਵਿਚ ਵੰਡ ਦੇ ਇਤਿਹਾਸ ਨੂੰ ਸਮਝਣ ਲਈ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਹੋਰ ਤੱਥਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿਚ ਵੰਡ ਦੇ ਪਿਛੋਕੜ ’ਚ ਪਏ ਕਾਰਨਾਂ ਨੂੰ ਫ਼ਿਰਕੂ ਤਨਾਉ, ਧਾਰਮਿਕ ਕੱਟੜਤਾ, ਧਰਮ ਦੇ ਆਧਾਰ ਉੱਤੇ ਜਿਉਂਦੇ ਮਤਭੇਦ, ਰਾਜਨੀਤਕ ਫ਼ਿਰਕਾਪ੍ਰਸਤੀ, ਅੰਗਰੇਜ਼ਾਂ ਦੀ ‘ਪਾੜੋ ਤੇ ਰਾਜ ਕਰੋ’ ਦੀ ਨੀਤੀ ਆਦਿ ਵਿਸ਼ੇਸ਼ ਤੱਥਾਂ ਅਧੀਨ ਸਮਝਿਆ ਹੈ। ਇਸ ਤੋਂ ਇਲਾਵਾ ਕਾਂਗਰਸ ਤੇ ਮੁਸਲਿਮ ਲੀਗ ਵਿਚ ਵੱਧਦਾ ਪਾੜਾ, ਜਿਨਾਹ, ਗਾਂਧੀ ਤੇ ਨਹਿਰੂ ਵਿਚ ਹੁੰਦੀਆਂ ਬਹਿਸਾਂ ਤੇ ਹੋਰ ਰਾਜਨੀਤਕ ਗਤੀਵਿਧੀਆਂ, ਇਸ ਵੰਡ ਦੇ ਨਾਲ-ਨਾਲ, ਇਸ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਵਿਚ ਜੋ ਘਟਨਾਵਾਂ ਦਾ ਕ੍ਰਮ ਚੱਲਿਆ ਹਿੰਸਾ, ਲੁੱਟਮਾਰ, ਬਲਾਤਕਾਰ, ਬੱਚਿਆਂ ਤੇ ਬੁੱਢਿਆਂ ਉੱਤੇ ਤਸ਼ੱਦਦ, ਸ਼ਰਨਾਰਥੀਵਾਦ ਤੇ ਪੁਨਰਵਾਸ ਆਦਿ ਗੱਲਾਂ ਨੂੰ ਸਮਝਿਆ ਹੈ। ਵੱਖ-ਵੱਖ ਚੋਣਾਂ ਦੇ ਅਧਿਕਾਰ ਦੀ ਕੀਤੀ ਮੰਗ ਕਿਵੇਂ ਦੇਸ਼ ਦੇ ਟੋਟੇ ਕਰਨ ਵਿਚ ਤਬਦੀਲ ਹੋ ਗਈ ਅਤੇ ਕਿੱਥੋਂ ਵੰਡ ਦਾ ਵਿਚਾਰ ਕਿਵੇਂ ਪੈਦਾ

ਹੋਇਆ? ਕਿਵੇਂ ਇਕ ਵਿਚਾਰ ਇਕ ਵਿਚਾਰ ਤੋਂ ਵੱਧ ਬਹੁਤ ਕੁਝ ਬਣ ਗਿਆ ਆਦਿ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਦੇਸ਼ ਵੰਡ ਦੀ ਇਸ ਦੁਖਾਂਤਕ ਘਟਨਾ ਦੇ ਸਿਰਫ਼ ਰਾਜਸੀ ਤੇ ਇਤਿਹਾਸਕ ਪੱਖ ਹੀ ਨਹੀਂ ਸਗੋਂ ਇਸ ਦੇ ਡੂੰਘੇ ਮਾਨਵੀ ਸਰੋਕਾਰ ਵੀ ਹਨ। ਲੱਖਾਂ ਲੋਕਾਂ ਨੇ ਇਸ ਵੰਡ ਦੇ, ਫ਼ਿਰਕੂ ਦੰਗਿਆਂ ਦੇ ਸੰਤਾਪ ਨੂੰ ਆਪਣੇ ਹੱਡਾਂ ਉੱਤੇ ਹੰਢਾਇਆ। ਇਹਨਾਂ ਲੱਖਾਂ ਲੋਕਾਂ ਦੁਆਰਾ ਭੋਗੇ ਦੁਖਾਂਤ ਪਲਾਂ ਦਾ ਇਤਿਹਾਸਕਾਰਾਂ ਨਾਲੋਂ ਕਹਾਣੀਕਾਰਾਂ ਲਈ ਬਹੁਤ ਮਹੱਤਵ ਸੀ। ਵੱਢ-ਟੁੱਕ, ਕਤਲੇਆਮ, ਲੁੱਟਮਾਰ, ਜਾਨੀ ਤੇ ਮਾਲੀ ਨੁਕਸਾਨ, ਔਰਤਾਂ ਦੀ ਖੁਆਰੀ, ਬੱਚਿਆਂ ਤੇ ਬੁੱਢਿਆਂ ਦੀ ਮੰਦੀ ਦੁਰਦਸ਼ਾ, ਦੋਸਤੀ ਤੇ ਦੁਸ਼ਮਨੀ, ਸੁਖ ਤੇ ਦੁੱਖ, ਸ਼ਰਨਾਰਥੀ ਹੋ ਜਾਣ ਦਾ ਸਦਮਾ, ਘਰ-ਬਾਰ, ਦੇਸ਼, ਦੋਸਤ ਗਵਾਉਣ ਦਾ ਦੁੱਖ ਅਤੇ ਫਿਰ ਨਵਾਂ ਘਰ ਬਣਾਉਣ ਦਾ ਦ੍ਰਿੜ ਨਿਸ਼ਚਾ, ਫਿਰ ਇਕ ਦੂਜੇ ਨੂੰ ਮਿਲਣ ਦੀ ਤੜਪ ਇਹਨਾਂ ਗੱਲਾਂ ਨੂੰ ਤੱਥਾਂ ਦੇ ਰੂਪ ਵਿਚ ਫੜਣਾ ਮੁਸ਼ਕਿਲ ਸੀ।

ਦੂਜੇ ਅਧਿਆਇ ਵਿਚ ਇਹਨਾਂ ਫ਼ਿਰਕੂ ਦੰਗਿਆਂ ਨਾਲ ਸੰਬੰਧਿਤ ਪੰਜਾਬੀ ਕਹਾਣੀ ਵਿਚ ਅਮਾਨਵੀ ਧਿਰਾਂ ਦਾ ਜੋ ਗ਼ੈਰ ਮਨੁੱਖੀ ਵਰਤਾਰਾ ਉੱਭਰ ਕੇ ਸਾਹਮਣੇ ਆਉਂਦਾ ਹੈ; ਦੇ ਅਨੇਕਾਂ ਪਹਿਲੂਆਂ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਮੁੱਖ ਤੌਰ ਤੇ ਇਹਨਾਂ ਕਹਾਣੀਆਂ ਵਿਚ ਜਾਬਰ ਧਿਰ ਦੇ ਦਿਲ ਵਿਚ ਨਫ਼ਰਤ, ਵੱਖਰਤਾ, ਨਾ-ਪਸੰਦਗੀ, ਵਿਰੋਧ ਤੋਂ ਇਲਾਵਾ ਕਿਸੇ ਵੀ ਅਹਿਸਾਸ ਲਈ ਥਾਂ ਨਹੀਂ, ਇਕ ਪਾਸੇ ਇਹ ਉਹ ਮਨੁੱਖ ਹਨ ਜੋ ਵਹਿਸ਼ੀਪੁਣੇ ਵਿਚ ਸ਼ਾਮਲ ਹਨ, ਦੂਜੇ ਪਾਸੇ ਦੂਜੀ ਧਿਰ ਉਹਨਾਂ ਮਜ਼ਲੂਮਾਂ ਦੀ ਹੈ ਜਿਹਨਾਂ ਸਾਹਮਣੇ ਇਹ ਮੌਤ ਬਣ ਕੇ ਖੜ੍ਹੇ ਹਨ ਅਤੇ ਉਹ ਕੁਝ ਵੀ ਕਰਨੋਂ ਅਸਮਰਥ ਹਨ। ਇਸ ਅਧਿਆਇ ਵਿਚ ਜਾਬਰਾਂ ਵੱਲੋਂ ਮਜ਼ਲੂਮਾਂ ਉੱਤੇ ਕੀਤੇ ਅਤਿਆਚਾਰ, ਲੁੱਟਮਾਰ, ਕਤਲੇਆਮ, ਫ਼ਿਰਕੂ ਰਾਜਨੀਤੀ, ਧਾਰਮਿਕ ਕੱਟੜਤਾ ਆਦਿ ਅਨੇਕਾਂ ਪਹਿਲੂ ਉੱਭਰ ਕੇ ਸਾਹਮਣੇ ਆਉਂਦੇ ਹਨ।

ਤੀਜੇ ਅਧਿਆਇ ਵਿਚ ਸ਼ਰਨਾਰਥੀ ਜੀਵਨ ਵਿਚ ਪੈਦਾ ਹੋਈਆਂ ਸਮੱਸਿਆਵਾਂ ਨੂੰ ਵਿਚਾਰਨ ਦਾ ਉਪਰਾਲਾ ਕੀਤਾ ਹੈ। ਕਿਵੇਂ ਉਹ ਮੁੜ ਜੀਵਨ ਨੂੰ ਸਹੀ ਕਦਰਾਂ-ਕੀਮਤਾਂ ਵਿਚ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੋਹਾਂ ਪਾਸੇ ਦੀਆਂ ਸਰਕਾਰਾਂ ਵੱਲੋਂ ਮਰਜ਼ੀ ਨਾਲ ਖਿੱਚੀ ਸਰਹੱਦ ਨੇ ਆਰ-ਪਾਰ ਕਿਵੇਂ ਉਹਨਾਂ ਦੇ ਪਰਿਵਾਰਾਂ ਲਈ ਇਹ ਜਾਨਣਾ ਵੀ ਅਸੰਭਵ ਕਰ ਦਿੱਤਾ ਕਿ ਉਹਨਾਂ ਦੇ ਮਾਂ-ਪਿਓ, ਭੈਣ-ਭਰਾ, ਬੱਚੇ ਜਿਉਂਦੇ ਵੀ ਹਨ ਜਾਂ ਨਹੀਂ। ਇਹਨਾਂ ਕਹਾਣੀਆਂ ਵਿਚ ਕਾਫ਼ਲਿਆਂ ਵਿਚ ਅਣਕਹੀਆਂ ਤਕਲੀਫਾਂ ਸਹਿੰਦੇ, ਕੈਂਪਾਂ ਵਿਚ ਰਹਿਣ ਦੇ ਅਸੁਖਾਂਵੇਂ ਪ੍ਰਬੰਧਾਂ ਦਾ ਦੁਖਾਂਤ ਭੋਗਦੇ, ਦੁੱਖ ਤੇ ਹਿੰਸਾ ਨੂੰ ਸਹਿੰਦੇ ਇਹ ਲੋਕ ਕਿਵੇਂ ਜੀਵਨ ਦੀਆਂ ਉਮੀਦਾਂ ਨਾਲ ਇਕ ਅਣਹੋਈ ਜ਼ਿੰਦਗੀ ਨੂੰ ਜਿਉਣ ਦੀ ਕੋਸ਼ਿਸ਼ ਕਰਦੇ ਹਨ।

ਚੌਥੇ ਅਧਿਆਇ ਵਿਚ ਔਰਤਾਂ ਉੱਤੇ ਹੋਈ ਹਿੰਸਾ ਦੇ ਵੱਖ-ਵੱਖ ਰੂਪਾਂ ਨੂੰ ਪੇਸ਼ ਕੀਤਾ ਹੈ। ਔਰਤਾਂ ਨਾਲ ਨਾ ਕੇਵਲ ਜਬਰ-ਜਨਾਹ ਹੀ ਕੀਤੇ ਗਏ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਯਾਤਨਾਵਾਂ ਵੀ ਸਹਿਣੀਆਂ ਪਈਆਂ। ਆਪਣੀ ਇੱਜ਼ਤ ਬਚਾਉਣ ਲਈ ਤਰਸ ਮੰਗਦੀਆਂ ਇਹਨਾਂ ਔਰਤਾਂ ਨੂੰ ਬੇਤਹਾਸ਼ਾ ਸਰੀਰਕ ਤਾੜਨਾਵਾਂ ਤੇ ਮਾਨਸਿਕ ਪੀੜਾ 'ਚੋਂ ਲੰਘਣਾ ਪਿਆ। ਹਵਸ ਦਾ ਸ਼ਿਕਾਰ ਨੌਜਵਾਨ ਕੁੜੀਆਂ ਨੂੰ ਹੀ ਨਹੀਂ ਸਗੋਂ ਅਧਖੜ ਤੇ ਬਜ਼ੁਰਗ ਔਰਤਾਂ ਨੂੰ ਵੀ ਬਣਾਇਆ ਗਿਆ। ਇਹ ਔਰਤਾਂ ਪਹਿਲਾਂ ਉਧਾਲੀਆਂ ਗਈਆਂ, ਫੇਰ ਉਨ੍ਹਾਂ ਨਾਲ ਜਬਰੀ ਵਿਆਹ ਰਚਾਏ ਗਏ, ਕਈਆਂ ਹੱਥਾਂ ਵਿਚ ਵੇਚੀਆਂ ਗਈਆਂ, ਉਨ੍ਹਾਂ ਦੇ ਜਿਸਮਾਂ ਦੀ ਭਰੇ-ਬਜ਼ਾਰ ਬੋਲੀ ਲਾਈ ਗਈ, ਕਾਫ਼ਲਿਆਂ, ਗੱਡੀਆਂ, ਕੈਂਪਾਂ ਅਤੇ ਇਥੋਂ ਤੱਕ ਕਿ ਆਪਣੇ ਨਵੇਂ ਵਤਨ ਵਿਚ ਆ ਕੇ ਹਮਮਜ਼ਹਬੀਆਂ ਹੱਥੋਂ ਵੀ ਖੁਆਰ ਹੋਈਆਂ। ਉਹਨਾਂ ਨੂੰ ਗ਼ੈਰ ਸਮਾਜਿਕ ਧੰਦਿਆਂ ਜਿਵੇਂ ਵੇਸਵਾਪੁਣੇ ਦਾ ਧੰਦਾ ਅਪਣਾਉਣਾ ਪਿਆ। ਅਜਿਹੀਆਂ ਔਰਤਾਂ ਨੂੰ ਸਮਾਜ ਵੱਲੋਂ ਸਵੀਕਾਰ ਨਾ ਕੀਤਾ ਗਿਆ। ਪਰਸਥਿਤੀਆਂ ਨਾਲ ਸਮਝੌਤਾ ਕਰ ਚੁੱਕੀਆਂ ਔਰਤਾਂ ਨੂੰ ਫ਼ਸਾਦਾਂ ਤੋਂ ਬਾਅਦ ਵੀ ਸੰਤਾਪ ਹੰਢਾਉਣਾ ਪਿਆ ਜਦੋਂ ਕਾਨੂੰਨ-ਪ੍ਰਬੰਧ ਨੇ ਉਹਨਾਂ ਦੀ

ਸਹਿਮਤੀ-ਅਸਹਿਮਤੀ ਤੋਂ ਬਿਨਾਂ ਉਹਨਾਂ ਦਾ ਤਬਾਦਲਾ ਕਰ ਦਿੱਤਾ ਅਤੇ ਉਹਨਾਂ ਦੀਆਂ ਜਾਇਜ-ਨਾਜਾਇਜ਼ ਔਲਾਦਾਂ ਵੀ ਉਨ੍ਹਾਂ ਦੇ ਨਾਲ ਦੁੱਖ ਸਹਿੰਦੀਆਂ ਰਹੀਆਂ। ਇਸ ਅਧਿਆਇ ਵਿਚ ਔਰਤਾਂ ਦੇ ਸਰੀਰਕ ਤੇ ਮਾਨਸਿਕ ਸੰਤਾਪ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ।

ਪੰਜਵੇਂ ਅਧਿਆਇ ਵਿਚ ਇਹਨਾਂ ਕਹਾਣੀਆਂ ਵਿਚ ਮਨੁੱਖਾਂ ਨੂੰ ਇਸ ਕਹਿਰ ਨੂੰ ਯਾਦ ਕਰਕੇ ਬਾਅਦ ਵਿਚ ਪਛਤਾਵਿਆਂ ਦੇ ਡੂੰਘੇ ਖੂਹ ਵਿਚ ਲਹਿੰਦੇ ਅਤੇ ਇਕ ਦੂਜੇ ਨੂੰ ਮਿਲਣ ਲਈ ਤੜਪਦੇ ਵਿਖਾਇਆ ਹੈ ਕਿ ਕਿਵੇਂ ਇਹਨਾਂ ਪ੍ਰਭਾਵਿਤ ਲੋਕਾਂ ਨੂੰ ਉਨੀਂਦਰੀਆਂ ਰਾਤਾਂ ਤੇ ਅਸ਼ਾਂਤੀ ਨਾਲ ਜਿਉਂਦਿਆਂ ਇਸ ਕੀਤੇ ਕਹਿਰ ਦੀ ਕੀਮਤ ਚੁਕਾਉਣੀ ਪਈ। ਉਹ ਪਛਤਾਵੇ ਦੀ ਅੱਗ ਵਿਚ ਸੜਦੇ ਰਹੇ। ਬਾਅਦ ਵਿਚ ਉਹ ਆਪਣੀ ਉਦਾਸੀਨਤਾ ਲਈ ਅਫ਼ਸੋਸ ਦੇ ਹੰਝੂ ਰੋਂਦੇ ਰਹੇ ਜਿਹਨਾਂ ਨੇ ਸਦੀਆਂ ਤੋਂ ਸਥਾਪਿਤ ਸਾਂਝਾਂ ਨੂੰ ਇਕ ਝਟਕੇ ਵਿਚ ਖਤਮ ਕਰ ਦਿੱਤਾ ਸੀ। ਇਸ ਅਧਿਆਇ ਵਿਚ ਦੇਖਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਬਰ ਜ਼ੁਲਮ ਤੋਂ ਪਾਰ ਜ਼ਿੰਦਗੀ ਅੰਦਰ ਰੋਸ਼ਨੀ, ਵਿਸ਼ਵਾਸ ਨਿੱਘ ਘੋਰ ਨਿਰਾਸ਼ਾ, ਨਾਉਮੀਦੀ ਤੋਂ ਬਾਅਦ ਵੀ ਕਾਇਮ ਰਹਿੰਦਾ ਹੈ। ਫਿਰ ਵੰਡ ਕਦੀ ਵੀ ਇਤਿਹਾਸ ਦਾ ਬੰਦ ਅਧਿਆਇ ਨਹੀਂ ਹੋ ਸਕਦੀ ਕਿਉਂਕਿ ਜਿੱਥੇ ਜ਼ਿੰਦਗੀਆਂ ਨੂੰ ਵੰਡਣ ਵਾਲੇ ਸਨ, ਉੱਥੇ ਵੰਡ ਦੇ ਵਿਰੋਧੀ ਵੀ ਸਨ ਤੇ ਫਿਰ ਵੰਡ ਹੋ ਜਾਣ ਤੇ ਆਪਣੀਆਂ ਜਾਨਾਂ ਵਾਰ ਕੇ ਜ਼ਿੰਦਗੀਆਂ ਬਚਾਉਣ ਵਾਲੇ ਵੀ ਸਨ ਇਹ ਲੋਕ ਵੰਡ ਹੋ ਜਾਣ ਤੋਂ ਬਾਅਦ ਵੀ ਉਹਨਾਂ ਦਿਨਾਂ ਨੂੰ ਕਦੇ ਨਹੀਂ ਸਨ ਭੁੱਲੇ। ਸਰਹੱਦ ਖਿੱਚਣ ਮਗਰੋਂ ਵੀ ਉਹਨਾਂ ਦੀਆਂ ਦੋਸਤੀਆਂ ਕਾਇਮ ਰਹੀਆਂ। ਉਹਨਾਂ ਲਈ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ, ਸਹਿਜੇ ਹੀ ਉਹਨਾਂ ਮੂੰਹੋਂ ਨਿਕਲਦਾ ਹੈ, 'ਸਿਆਸਤਦਾਨ, ਰਾਜੇ-ਮਹਾਰਾਜੇ ਤੇ ਨੇਤਾ ਬਦਲਦੇ ਰਹਿੰਦੇ ਹਨ, ਜਨਤਾ ਕਦੋਂ ਬਦਲਦੀ ਹੈ।' ਇਹਨਾਂ ਕਹਾਣੀਆਂ ਵਿਚ ਪਾਤਰ ਏਨੇ ਵਰ੍ਹੇ ਇਸ ਧਰਤੀ ਤੇ ਰਹਿਣ ਮਗਰੋਂ ਵੀ ਆਪਣੇ 'ਪਿੱਛੇ' ਨੂੰ ਪਹਿਲਾਂ ਚੇਤੇ ਵਿਚ ਰੱਖਦੇ ਹਨ। ਇਸ ਅਧਿਆਇ ਵਿਚ ਪਰੰਪਰਕ ਮਾਨਵੀ

ਸਾਂਝਾਂ, ਭਾਈਚਾਰਕ ਮੋਹ ਤੇ ਫ਼ਿਰਕਾਪ੍ਰਸਤੀ ਤੋਂ ਪਾਰ ਆਪਸੀ ਵਿਸ਼ਵਾਸ ਤੇ ਅਪਣੱਤ ਦੇ ਵਿਭਿੰਨ ਪੱਖਾਂ ਨੂੰ ਸਮਝਣ ਦਾ ਯਤਨ ਕੀਤਾ ਹੈ।

ਲੋਕਾਂ ਲਈ ਵੰਡ ਨੂੰ ਭੁਲਾਉਣਾ ਔਖਾ ਸੀ। ਕਿਉਂਕਿ ਵੰਡ ਨੇ ਉਹਨਾਂ ਦੇ ਜੀਉਣ ਦੇ ਅਰਥ ਖੋਹ ਲਏ ਸਨ, ਮਨਾਂ ਅੰਦਰ ਮਤਭੇਦ ਪੈਦਾ ਕਰ ਦਿੱਤੇ ਸਨ। ਰਿਸ਼ਤਿਆਂ ਵਿਚ ਵੰਡੀਆਂ ਪਾ ਦਿੱਤੀਆਂ ਸਨ। ਇਹਨਾਂ ਕਹਾਣੀਆਂ ਵਿਚ ਲੋਕਾਂ ਲਈ ਜਿੰਨਾ ਵੰਡ ਨੂੰ ਭੁਲਾਉਣਾ ਔਖਾ ਹੈ ਓਨਾ ਹੀ ਇਸਨੂੰ ਯਾਦ ਕਰਨਾ ਵੀ ਖ਼ਤਰਨਾਕ ਹੈ। ਲੋਕ ਚਿਰਸਥਾਈ ਨੁਕਸਾਨ ਅਤੇ ਅਫ਼ਸੋਸ ਦੇ ਅਹਿਸਾਸ ਨਾਲ ਜਿਉਂਦੇ ਹਨ। ਜਿਹਨਾਂ ਦੀਆਂ ਜ਼ਿੰਦਗੀਆਂ ਅਤੇ ਜਿਸਮਾਂ ਤੇ ਵੰਡ ਦੇ ਜ਼ਖ਼ਮ ਉਕਰੇ ਪਏ ਹਨ, ਉਹਨਾਂ ਪ੍ਰਤੀ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿਚ ਭਰਪੂਰ ਹੁੰਗਾਰਾ ਦਿੱਤਾ ਹੈ। ਆਪਣੇ ਵੱਖ-ਵੱਖ ਦ੍ਰਿਸ਼ਟੀਕੋਣ ਰਾਹੀਂ ਜ਼ੁਲਮ ਅਤੇ ਅਨਿਆ ਕਰਨ ਵਾਲੇ ਫ਼ਿਰਕਾਪ੍ਰਸਤ ਲੋਕਾਂ ਅਤੇ ਜੋ ਫ਼ਿਰਕਾਪ੍ਰਸਤੀ ਦਾ ਸ਼ਿਕਾਰ ਹੋਏ ਉਹਨਾਂ ਬੇਕਸੂਰ ਲੋਕਾਂ ਦੀ ਸੰਵੇਦਨਾ ਨੂੰ ਟੁੰਬਿਆ ਹੈ। ਅੰਤ ਨਿਸ਼ਕਰਸ਼ ਵਿਚ ਸਮੁੱਚੇ ਖੋਜ ਕਾਰਜ ਨੂੰ ਸਮੇਟਨ ਦਾ ਕਾਰਜ ਕੀਤਾ ਗਿਆ ਹੈ।

ਮੇਰੇ ਸਤਿਕਾਰਯੋਗ ਨਿਗਰਾਨ ਪ੍ਰੋ. ਨਾਹਰ ਸਿੰਘ ਨੇ ਸਹਿਜ ਭਰੇ ਢੰਗ ਨਾਲ ਹਰ ਕਦਮ ਤੇ ਯੋਗ ਅਗਵਾਈ ਅਤੇ ਹੌਸਲਾ ਅਫ਼ਜਾਈ ਦੇ ਕੇ ਮੇਰੇ ਇਸ ਖੋਜ ਪ੍ਰਬੰਧ ਨੂੰ ਹਰ ਨੁਕਤੇ ਤੋਂ ਵਿਚਾਰਨ ਵਿਚ ਵੀ ਮੇਰੀ ਮਦਦ ਕੀਤੀ ਅਤੇ ਉਹਨਾਂ ਨੇ ਮੈਨੂੰ ਦੇਸ਼ ਵੰਡ ਨਾਲ ਸੰਬੰਧਿਤ ਕਹਾਣੀਆਂ ਇਕੱਤਰ ਕਰਨ ਦੀ ਪ੍ਰੇਰਨਾ ਵੀ ਦਿੱਤੀ। ਮੈਂ ਉਹਨਾਂ ਦੀ ਇਸ ਕੰਮ ਲਈ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

ਉਹਨਾ ਵਿਦਵਾਨਾਂ ਦੀ ਵੀ ਰਿਣੀ ਰਹਾਂਗੀ ਜਿਨ੍ਹਾਂ ਦੀਆਂ ਵੱਡਮੁੱਲੀਆਂ ਰਚਨਾਵਾਂ ਆਧਾਰ ਰੂਪ ਵਿਚ ਮੇਰੇ ਇਸ ਖੋਜ ਕਾਰਜ ਦੀਆਂ ਸਹਾਇਕ ਬਣੀਆਂ।

ਮੈਂ ਆਪਣੇ ਮਾਤਾ-ਪਿਤਾ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦੀ ਹਾਂ, ਜਿਨ੍ਹਾਂ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਣ ਲਈ ਸਮੇਂ-ਸਮੇਂ ਮੇਰੇ ਅੰਦਰ ਹਿੰਮਤ ਅਤੇ ਉੱਤਸ਼ਾਹ ਬਣਾਈ ਰੱਖਿਆ ਅਤੇ ਜਿਹਨਾ ਦੇ ਆਸ਼ੀਰਵਾਦ ਸਦਕਾ ਇਹ ਖੋਜ ਕਾਰਜ ਸੰਪੂਰਣ ਹੋਇਆ।

(ਸਿਮਰ ਜੀਤ ਕੌਰ)

Simarjeet

13/5/2004